25-12-1994

# ਕਲਾ ਦੇ ਝਰੋਖੇ 'ਤੋਂ —

–ਗੁਰਸ਼ਰਨ ਸਿੰਘ

**ਦੀਵਾਨ ਸਿੰਘ ਕਾਲੇਪਾਣੀ ਬਾਰੇ ਦਸਤਾਵੇਜ਼ੀ ਫਿਲਮ:** ਇਹ 20 ਮਿੰਟ ਦੀ ਦਸਤਾਵੇਜ਼ੀ ਫਿਲਮ ਦੂਰਦਰਸ਼ਨ ਜਲੰਧਰ ਤੋਂ 30 ਦਸੰਬਰ 1994, ਰਾਤ 8 ਵਜੇ ਵਿਖਾਈ ਗਈ। ਦੀਵਾਨ ਸਿੰਘ ਕਾਲੇਪਾਣੀ ਹੋਰਾਂ ਬਾਰੇ ਇਹ ਇਕ ਪ੍ਰਭਾਵਸ਼ਾਲੀ ਫਿਲਮ ਸੀ। ਦੀਵਾਨ ਸਿੰਘ ਕਾਲੇਪਾਣੀ ਜਿਨ੍ਹਾਂ ਦੀ ਸ਼ਹਾਦਤ ਜਪਾਨੀਆਂ ਦੇ ਹੱਥੋਂ 14 ਜਨਵਰੀ 1944 ਵਿਚ ਹੋਈ, ਉਹ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰਾਂ ਵਿਚੋਂ ਹਨ। ਪ੍ਰੀਤਲੜੀ ਦੇ 1940 ਦੇ ਆਸਪਾਸ ਦੇ ਪਾਠਕ ਉਨ੍ਹਾਂ ਦੀ ਕਵਿਤਾ ਮਹਾਨਤਾ ਬਾਰੇ ਪੂਰੀ ਤਰ੍ਹਾਂ ਵਾਕਿਫ ਹਨ ਪਰ ਅਗਲੀਆਂ ਪੀੜ੍ਹੀਆਂ ਇਸ ਤੋਂ ਬਹੁਤ ਹੱਦ ਤਕ ਜਾਣੂ ਨਹੀਂ ਹਨ। ਸੁਰਿੰਦਰ ਸਿੰਘ ਦੀ ਲਿਖੀ ਨਿਰਦੇਸ਼ਤ ਕੀਤੀ ਅਤੇ ਨਿਰਮਾਣ ਕੀਤੀ ਇਹ ਫਿਲਮ ਜਿਥੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਪੂਰੀ ਤਰ੍ਹਾਂ ਚਾਨਣਾ ਪਾਉਂਦੀ ਹੈ, ਉਥੇ ਦਸਤਾਵੇਜ਼ੀ ਫਿਲਮ ਕਲਾ ਦੀ ਵਿਸ਼ੇਸ਼ਤਾ ਨੂੰ ਵੀ ਰੂਪਮਾਨ ਕਰਦੀ ਹੈ। ਉਸ ਸੱਚੇ ਸੁੱਚੇ ਇਨਸਾਨ ਨੇ ਅੰਡੇਮਾਨ ਦੀ ਧਰਤੀ 'ਤੇ ਜਿਥੇ ਗਦਰੀ ਬਾਬਿਆਂ ਨੇ ਪਿੰਜਰਬੰਦ ਕੈਦਾਂ ਕੱਟੀਆਂ, ਪੀੜਤ ਲੋਕਾਂ ਦੀ ਪੀੜ ਨੂੰ ਕਿਸ ਤਰ੍ਹਾਂ ਵੰਡਾਇਆ ਤੇ ਫੇਰ ਹੰਢਾਇਆ, ਦੇਸ਼ ਦੀ ਆਜ਼ਾਦੀ ਦੇ ਸੁਪਨੇ ਲਏ ਅਤੇ ਫੇਰ ਸੱਚ ਦੀ ਖਾਤਿਰ ਜਪਾਨੀਆਂ ਦੇ ਹੱਥੋਂ ਤਸੀਹੇ ਝੱਲੇ ਤੇ ਸ਼ਹਾਦਤ ਪਾਈ, ਇਹ ਸਭ ਕੁਝ ਇਸ ਫਿਲਮ ਵਿਚ ਬੜੇ ਕਲਾਮਈ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਫਿਲਮ ਦੇਖ ਕੇ ਇਹ ਮਾਣ ਹੋਇਆ ਕਿ ਦੀਵਾਨ ਸਿੰਘ ਕਾਲੇਪਾਣੀ ਪੰਜਾਬ ਦੀ ਧਰਤੀ (ਪਿੰਡ ਗਲੋਟੀਆ, ਜ਼ਿਲਾ ਸਿਆਲਕੋਟ) ਦਾ ਜੰਮਪਲ ਸੀ ਅਤੇ ਇਸ ਤੋਂ ਵੱਧ ਉਹ ਇਕ ਸਾਹਿਤਕਾਰ ਸੀ। ਇਹੋ ਜਿਹੇ ਇਨਸਾਨ ਹੀ ਹਨ ਜਿਹੜੇ ਆਪਣੀ ਸੱਚੀ-ਸੁੱਚੀ ਜੀਵਨ ਸੋਚ ਨਾਲ ਸਾਹਿਤ ਦਾ ਸਨਮਾਨ ਵਧਾਉਂਦੇ ਹਨ। ਉਨ੍ਹਾਂ ਦੀ ਇਕ ਕਵਿਤਾ 'ਇਸਤਰੀ ਨੂੰ' ਦਾ ਇਕ ਬੰਦ ਫਿਲਮ ਵਿਚ ਉਚਾਰਿਆ ਗਿਆ ਜੋ ਉਨ੍ਹਾਂ ਦੀ ਆਧੁਨਿਕ ਸੋਚ ਦਾ ਪ੍ਰਤੀਕ ਸੀ।

**ਹੁਸ਼ਿਆਰ ਮਰਦ–ਚਾਲਾਕ ਚੋਰ ਨੇ**
**ਸਦਾ ਫਰੇਬ ਖੇਡੇ ਤੇਰੇ ਨਾਲ**
**ਤੈਨੂੰ ਨਾਵਾਂ ਦੀਆਂ ਫਲਾਹੁਣੀਆਂ ਦਿੱਤੀਆਂ**
**ਤੇ ਆਪਣਾ ਬੇਦਾਮ ਗੁਲਾਮ ਬਣਾਇਆ**
**ਤੈਨੂੰ ਮਾਤਾ ਆਖ, ਨਾਮੁਰਾਦ ਬੇਆਵਾਜ਼ ਮਸ਼ੀਨ ਬਣਾਇਆ**
**ਤੈਨੂੰ ਅਰਧਅੰਗੀ ਆਖ, ਉਮਰ ਗੋਲਾ ਕੀਤਾ**
**ਤੈਨੂੰ ਭਗਨੀ ਆਖ, ਰੋਟੀ ਦਾ ਮੁਥਾਜ ਰਖਿਆ**
**ਤੈਨੂੰ ਪਤੀ-ਬਰਤਾ ਆਖ, ਹੈਵਾਨੀ ਖਾਹਸ਼-ਪੂਰਤੀ ਦਾ ਹੱਥ-ਠੋਕਾ ਬਣਾਇਆ**
**ਤੈਨੂੰ ਸਤੀ ਆਖ, ਮੁਰਦਾ ਲੋਥਾਂ ਨਾਲ ਸਾੜਿਆ।**

ਦੂਰਦਰਸ਼ਨ ਵਲੋਂ ਸਾਹਿਤਕਾਰਾਂ ਬਾਰੇ ਦਸਤਾਵੇਜ਼ੀ ਫਿਲਮਾਂ ਬਨਾਉਣ ਤੇ ਦਿਖਾਉਣ ਦੀ ਜੋ ਰਵਾਇਤ ਚਲੀ ਹੈ, ਇਹ ਇਕ ਮੁਬਾਰਕ ਕਦਮ ਹੈ। ਉਂਜ ਦੂਰਦਰਸ਼ਨ ਤੋਂ ਉਨ੍ਹਾਂ ਫਜ਼ੂਲ ਕਿਸਮ ਦੇ ਪ੍ਰੋਗਰਾਮਾਂ ਦੀ ਵੀ ਘਾਟ ਨਹੀਂ, ਜਿਸ ਤਰ੍ਹਾਂ ਦਾ ਨਵੇਂ ਸਾਲ ਦੀ ਸੰਧਿਆ 'ਤੇ ਜਲੰਧਰ ਤੋਂ ਵਿਖਾਇਆ ਗਿਆ ਹੈ। ਇਸ ਵਿਚ ਜਸਪਾਲ ਭੱਟੀ ਦੇ 'ਨਵੇਂ ਸਾਲ ਦਾ ਕਲੈਂਡਰ' ਦੇ ਇਕ ਵਿਅੰਗ ਤੋਂ ਸਿਵਾ ਕੁਝ ਵੀ ਸਾਰਥਕ ਨਹੀਂ ਸੀ, ਬਾਕੀ ਸਭ ਰੌਲਾ ਹੀ ਸੀ।

**ਪ੍ਰੋ. ਹਰਭਜਨ ਸਿੰਘ ਕਾਲਾ ਸੰਘਿਆਂ ਦਾ ਨਾਵਲ 'ਜੋ ਹਾਰੇ ਨਹੀਂ':** ਇਹ ਇਨਕਲਾਬੀ ਲਹਿਰ ਦੇ ਇਕ ਸੂਰਮੇ ਹਰਪਾਲ ਦੀ ਕਹਾਣੀ ਹੈ। ਪ੍ਰੋ. ਹਰਭਜਨ ਸਿੰਘ ਦੀ ਇਨਕਲਾਬੀ ਘਾਲਣਾ ਨੂੰ ਜੋ ਸਾਥੀ ਜਾਣਦੇ ਹਨ, ਉਹ ਸਹਿਜੇ ਹੀ ਕਹਿ ਸਕਦੇ ਹਨ ਕਿ ਇਹ ਨਾਵਲ ਪ੍ਰੋ. ਹਰਭਜਨ ਸਿੰਘ ਦੀ ਆਪਣੀ ਕਹਾਣੀ ਹੈ। ਹਰਪਾਲ ਇਨਕਲਾਬੀ ਲਹਿਰ ਦਾ ਇਕ ਕਾਰਕੁਨ ਹੈ, ਜੋ ਪਹਿਲੇ ਇਕ ਕਾਲਜ ਵਿਚ ਪ੍ਰੋਫੈਸਰ ਸੀ। ਇਲਾਕੇ ਦੇ ਇਕ ਘੋਲ ਵਿਚ ਪੁਲੀਸ ਦੇ ਹੱਥੋਂ ਚਾਰ ਇਨਕਲਾਬੀ ਸ਼ਹੀਦ ਹੋਏ, ਪਰ ਇਹ ਵੀ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਸੀ ਕਿ ਇਸ ਸਾਰੇ ਕਾਂਡ ਦੀ ਮੁੱਖ ਜ਼ਿੰਮੇਵਾਰੀ ਇਕ ਪਿੰਡ ਦੇ ਟਾਊਟਾਂ ਦੀ ਸੀ। ਪ੍ਰਤੀਕਰਮ ਵਿਚ ਇਨਕਲਾਬੀ ਲਹਿਰ ਇਸ ਦਾ ਬਦਲਾ ਲੈਂਦੀ ਹੈ। ਹਰਪਾਲ ਨੂੰ ਭਰਾਵਾਂ ਸਮੇਤ ਇਲਾਕਾ ਛੱਡਣਾ ਪੈਂਦਾ ਹੈ। ਹਰਪਾਲ ਹੁਣ ਯੂ.ਪੀ. ਵਿਚ ਇਨਕਲਾਬੀ ਲਹਿਰ ਜਥੇਬੰਦ ਕਰਨ ਵਿਚ ਸਰਗਰਮ ਹੈ। ਵਿਚ ਵਿਚ ਉਹ ਪੰਜਾਬ ਵੀ ਆਂਦਾ ਹੈ। ਇਹ ਨਾਵਲ ਇਕ ਪ੍ਰਮਾਣਿਕ ਦਸਤਾਵੇਜ਼ ਹੈ ਕਿਉਂਕਿ ਇਸ ਦਾ ਲਿਖਣ ਵਾਲਾ ਆਪ ਇਕ ਇਨਕਲਾਬੀ ਕਾਰਕੁਨ ਹੈ। ਬਹੁਤ ਸਾਰੇ ਸਵਾਲ ਇਸ ਨਾਵਲ ਵਿਚ ਟਿੱਪਣੀਆਂ ਦੇ ਰੂਪ ਵਿਚ ਉਠਦੇ ਹਨ। ਪੰਜਾਬ ਦੀ ਖਾਲਿਸਤਾਨੀ ਲਹਿਰ ਜਿਹੜੀ ਧਰਮਤੰਤਰ ਕਾਇਮ ਕਰਨਾ ਚਾਹੁੰਦੀ ਹੈ, ਉਹਦੇ ਬਾਰੇ ਕਮਿਊਨਿਸਟ ਇਨਕਲਾਬੀਆਂ ਦਾ ਕੀ ਸਟੈਂਡ ਹੈ? ਕਮਿਊਨਿਸਟ ਇਨਕਲਾਬੀਆਂ ਦੀਆਂ ਨਜ਼ਰਾਂ ਵਿਚ ਖੱਬੀਆਂ ਪਾਰਟੀਆਂ ਦੀ ਕੀ ਭੂਮਿਕਾ ਹੈ? ਇਨਕਲਾਬੀ ਲਹਿਰ ਨੂੰ ਹਥਿਆਰਬੰਦ ਇਨਕਲਾਬ ਜਥੇਬੰਦ ਕਰਨ ਵਿਚ ਕੀ ਮੁਸ਼ਕਿਲਾਂ ਹਨ? ਲੋਕਾਂ ਦੀ ਇਨਕਲਾਬੀ ਚੇਤਨਾ ਕਿੱਥੇ ਖੜ੍ਹੀ ਹੈ? ਬਲਦੇਵ ਮਾਨ ਦੀ ਸ਼ਹਾਦਤ ਦੇ ਬਾਅਦ ਕਮਿਊਨਿਸਟ ਇਨਕਲਾਬੀਆਂ ਦੀ ਇਕ ਧਿਰ ਨੇ ਲਾਇਸੈਂਸੀ ਹਥਿਆਰ ਕਿਉਂ ਲਏ? ਖਾਲਿਸਤਾਨੀ ਲਹਿਰ ਦੇ ਪ੍ਰਤੀਕਰਮ ਵਿਚ ਬਾਕੀ ਭਾਰਤ ਵਿਚ ਮੂਲਵਾਦੀ ਸ਼ਕਤੀਆਂ ਨੂੰ ਕੀ ਸ਼ਹਿ ਮਿਲੀ? ਖਾਲਿਸਤਾਨੀ ਲਹਿਰ ਦਾ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖਾਂ ਨੂੰ ਖਾਸ ਕਰਕੇ ਇੰਦਰਾ ਗਾਂਧੀ ਦੇ ਕਤਲ ਦੇ ਬਾਅਦ ਕੀ ਸੰਤਾਪ ਭੋਗਣਾ ਪਿਆ? ਇਨ੍ਹਾਂ ਸਵਾਲਾਂ ਦੇ ਜਵਾਬ ਲੇਖਕ ਵਲੋਂ ਬਿਆਨਾਂ ਦੇ ਰੂਪ ਵਿਚ ਥਾਂ ਥਾਂ 'ਤੇ ਦਿੱਤੇ ਗਏ ਹਨ। ਕੁਝ ਜ਼ਾਤੀ ਗੱਲਾਂ ਵੀ ਹਨ। ਹਰਪਾਲ ਜਿਸ ਨੇ ਜਵਾਨੀ ਦੇ ਰੰਗੀਨ ਸਾਲ ਇਨਕਲਾਬੀ ਲਹਿਰ ਨੂੰ ਜਥੇਬੰਦ ਕਰਨ ਵਿਚ ਲਗਾ ਦਿੱਤੇ, ਲਹਿਰ ਦੇ ਅਨੁਸ਼ਾਸਨ ਅਧੀਨ ਉਹ ਆਪਣੇ ਪਿਆਰ ਨੂੰ ਜ਼ਾਹਿਰ ਨਹੀਂ ਕਰ ਸਕਿਆ ਅਤੇ ਹੋਰ ਕੁਝ ਗੱਲਾਂ ਨਾਵਲ ਨੂੰ ਰੌਚਿਕ ਬਨਾਉਣ ਵਿਚ ਸਹਾਈ ਹਨ ਜਿਸ ਨਾਵਲ ਵਿਚ ਬਲਦੇਵ ਮਾਨ ਦੀ ਆਪਣੀ ਨਵਜੰਮੀ ਧੀ ਵਲ ਲਿਖੀ ਚਿੱਠੀ ਵੀ ਸ਼ਾਮਿਲ ਹੈ ਜਿਹੜੀ ਕਿ ਪੰਜਾਬੀ ਸਾਹਿਤ ਵਿਚ ਹੁਣ ਇਕ ਕਲਾਸੀਕਲ ਦਰਜਾ ਰੱਖਣ ਦੀ ਹੱਕਦਾਰ ਹੈ। ਬਲਦੇਵ ਮਾਨ ਦੀ ਸ਼ਹਾਦਤ ਦੇ ਬਾਅਦ ਉਹਦੇ ਸ਼ਰਧਾਂਜਲੀ ਸਮਾਗਮ 'ਤੇ ਇਹ ਨਾਵਲ ਖਤਮ ਹੁੰਦਾ ਹੈ।

ਇਹ ਨਾਵਲ ਇਕ ਦਸਤਾਵੇਜ਼ੀ ਕਿਸਮ ਦਾ ਨਾਵਲ ਹੈ ਜੋ ਨਕਸਲਾਈਟਾਂ ਦੇ ਪੂਲਾਰੈਡੀ ਗਰੁੱਪ ਦੇ ਇਕ ਅਹਿਮ ਕਾਰਕੁਨ ਦੀ ਲਿਖਤ ਹੋਣ ਕਰਕੇ ਵਾਦਵਿਵਾਦੀ ਹੋਣ ਦੀ ਸੰਭਾਵਨਾ ਰੱਖਦਾ ਹੈ। ਇਹ ਕੋਈ ਨਵੀਂ ਗੱਲ ਨਹੀਂ ਕਿਉਂਕਿ ਸੰਸਾਰ ਦੀ ਇਨਕਲਾਬੀ ਲਹਿਰ ਵਿਚ ਇਹ ਵਾਦ-ਵਿਵਾਦ ਇਕ ਅਹਿਮ ਹਿੱਸਾ ਹਨ। 'ਜੋ ਹਾਰੇ ਨਹੀਂ' ਇਸੇ ਕਿਸਮ ਦੀ ਕਲਾਕ੍ਰਿਤ ਹੈ। ਪੰਜਾਬ ਦੇ ਸਮਕਾਲੀ ਹਾਲਾਤ ਬਾਰੇ ਇਨਕਲਾਬੀ ਲਹਿਰ ਦੇ ਸੰਦਰਭ ਵਿਚ ਇਹ ਇਕ ਸ਼ਕਤੀਸ਼ਾਲੀ ਕਲਾਕ੍ਰਿਤ ਹੈ। ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਪੇ ਇਸ ਨਾਵਲ ਦਾ ਚਰਚਾ ਹੋਣਾ ਲਾਜ਼ਮੀ ਹੈ। ਪੰਧ ਤੇ ਪੀੜਾਂ, ਕਵਿਤਾ ਦੀ ਕਿਤਾਬ, ਹਲਫ਼ਨਾਮਾ ਕਹਾਣੀਆਂ ਦੀ ਕਿਤਾਬ ਤੋਂ ਬਾਅਦ ਇਸ ਨਾਵਲ ਨਾਲ ਪ੍ਰੋ. ਹਰਭਜਨ ਸਿੰਘ ਨੂੰ ਸਾਹਿਤਕ ਹਲਕਿਆਂ ਵਿਚ 'ਜੀ ਆਇਆਂ ਨੂੰ' ਕਹਿਣਾ ਬਣਦਾ ਹੈ।

**ਪੱਤਰਕਾਰੀ ਵਿਚ ਫੋਟੋ ਕਲਾ ਦੀ ਥਾਂ:** 1995 ਪਹਿਲੀ ਜਨਵਰੀ ਦੀ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸਫੇ 'ਤੇ ਮਨੋਜ ਮਹਾਜਨ ਵਲੋਂ ਖਿੱਚੀ ਗਈ ਜੋ ਫੋਟੋ ਦਿੱਤੀ ਗਈ ਹੈ ਉਹ ਫੋਟੋ ਕਲਾ ਦੀ ਸਮਕਾਲੀ ਸਮਾਜਿਕ ਵਰਤਾਰੇ ਬਾਰੇ ਇਕ ਸ਼ਕਤੀਸ਼ਾਲੀ ਅਤੇ ਸਾਰਥਕ ਟਿੱਪਣੀ ਕਰਨ ਦੀ ਯੋਗਤਾ ਦੀ ਮਿਸਾਲ ਹੈ। ਫੋਟੋ ਵਿਚ ਦਿਹਾੜੀਦਾਰ ਕਾਮੇ ਅਤੇ ਉਨ੍ਹਾਂ ਦੇ ਨੰਨ੍ਹੇ ਬਾਲ ਦਿਖਾਏ ਗਏ ਹਨ ਜੋ ਸਿਖਰਾਂ ਦੀ ਠੰਢ ਵਿਚ ਚੰਡੀਗੜ੍ਹ ਦੇ ਇਕ ਹੋਟਲ ਦੇ ਬਾਹਰ ਖੁਲ੍ਹੇ ਅਸਮਾਨ ਥੱਲੇ ਅੱਗ ਬਾਲ ਕੇ ਆਪਣੇ ਹੱਡਾਂ ਨੂੰ ਨਿੱਘ ਪੁਚਾਉਣ ਦੇ ਯਤਨ ਵਿਚ ਹਨ ਜਦੋਂ ਕਿ ਹੋਟਲ ਨੂੰ ਨਵੇਂ ਸਾਲ ਦੀ ਆਮਦ 'ਤੇ ਜਸ਼ਨਾਂ ਲਈ ਸ਼ਾਹਾਨਾ ਢੰਗ ਨਾਲ ਸਜਾਇਆ ਜਾ ਰਿਹਾ ਹੈ। ਫੋਟੋ ਰਾਹੀਂ ਸਮਾਜਿਕ ਵਿਤਕਰੇ ਨੂੰ ਰੂਪਮਾਨ ਕੀਤਾ ਗਿਆ ਹੈ।

ਲੀਡਰਾਂ ਦੀਆਂ ਇਸ਼ਤਿਹਾਰੀ ਫੋਟੋਆਂ ਜਾਂ ਹੋਰ ਬੇਮਾਅਨੀ ਫੋਟੋਆਂ ਦੇ ਉਲਟ ਇਹੋ ਜਿਹੀਆਂ ਫੋਟੋਆਂ ਪੱਤਰਕਾਰੀ ਦੀ ਸ਼ਾਨ ਨੂੰ ਵਧਾਉਂਦੀਆਂ ਹਨ। ਮਨੋਜ ਮਹਾਜਨ ਨੂੰ ਸਾਡਾ ਸਲਾਮ।